15ਵੀਂ ਵਿਧਾਨ ਸਭਾ
15ਵਾਂ (ਵਿਸ਼ੇਸ਼) ਸਮਾਗਮ

ਪੰਜਾਬ ਵਿਧਾਨ ਸਭਾ ਸਕੱਤਰੇਤ
(ਵਿਧਾਨ ਸ਼ਾਖਾ)

ਨੰ: 39-ਐਲ.ਏ.-2021/ 16406

ਸੇਵਾ ਵਿਚ

ਪੰਜਾਬ ਵਿਧਾਨ ਸਭਾ ਦੇ ਸਮੂਹ ਮੈਂਬਰ ਸਾਹਿਬਾਨ ।

ਮਿਤੀ ਚੰਡੀਗੜ੍ਹ, 2 ਸਤੰਬਰ, 2021

ਸਤਿਕਾਰਯੋਗ ਸ਼੍ਰੀਮਾਨ/ਮੈਡਮ ਜੀ,

ਮੈਨੂੰ ਆਪ ਜੀ ਇਹ ਸੂਚਿਤ ਕਰਨ ਦੀ ਹਦਾਇਤ ਹੋਈ ਹੈ ਕਿ 15ਵੀਂ ਪੰਜਾਬ ਵਿਧਾਨ ਸਭਾ ਦਾ 15ਵਾਂ (ਵਿਸ਼ੇਸ਼) ਸਮਾਗਮ ਮਿਤੀ 3.9.2021 ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 400 ਸਾਲਾਂ ਪ੍ਰਕਾਸ਼ ਪੁਰਬ ਮਨਾਉਣ ਦੇ ਸਬੰਧ ਵਿੱਚ ਬੁਲਾਇਆ ਗਿਆ ਹੈ। ਇਸ ਮੌਕੇ ਤੇ ਮਾਨਯੋਗ ਰਾਜਪਾਲ, ਪੰਜਾਬ ਅਤੇ ਹੋਰ ਉਘੀਆਂ ਸ਼ਖਸੀਅਤਾਂ ਪੂਰਵ ਦੁਪਹਿਰ 11.00 ਵਜੇ ਪੰਜਾਬ ਵਿਧਾਨ ਸਭਾ ਵਿਖੇ ਪਹੁੰਚ ਰਹੀਆਂ ਹਨ। ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ **ਮਾਨਯੋਗ ਮੈਂਬਰ ਅਗਲੀ ਕਤਾਰ ਦੀਆਂ ਸੀਟਾਂ ਨੂੰ ਛੱਡ ਕੇ, ਜੋ ਕਿ ਮਾਨਯੋਗ ਮੁੱਖ ਮੰਤਰੀ, ਮੰਤਰੀਆਂ, ਡਿਪਟੀ ਸਪੀਕਰ ਅਤੇ ਵਿਰੋਧੀ ਧਿਰ ਦੇ ਨੇਤਾ ਲਈ ਰਾਖਵੀਆਂ ਹਨ, ਕਿਸੇ ਵੀ ਸੀਟ ਤੇ ਬੈਠ ਸਕਦੇ ਹਨ । ਇਸ ਸਮਾਗਮ ਦੌਰਾਨ ਸਦਨ ਵਿੱਚ ਕੋਈ ਸੀਟਿੰਗ ਅਰੇਂਜਮੈਂਟ ਨਹੀਂ ਹੋਵੇਗਾ ਭਾਵ ਮੈਂਬਰ ਸਾਹਿਬਾਨ ਸਦਨ ਵਿੱਚ ਕਿਸੇ ਵੀ ਸੀਟ ਤੇ ਬੈਠ ਸਕਦੇ ਹਨ। ਇਹ ਵੀ ਬੇਨਤੀ ਹੈ ਕਿ ਇੱਕ ਬੈਂਚ ਤੇ ਕੇਵਲ ਇੱਕ ਮੈਂਬਰ ਹੀ ਬੈਠੇ ਤਾਂ ਜੋ ਕੋਵਿਡ ਪ੍ਰੋਟੋਕੋਲ ਦੀ ਪਾਲਣਾ ਹੋ ਸਕੇ।**

2. **ਮਾਨਯੋਗ ਰਾਜਪਾਲ ਦੇ ਪਹੁੰਚਣ ਦਾ ਸਾਰਜੈਂਟ ਐਟ ਆਰਮਜ਼ ਐਲਾਨ ਕਰੇਗਾ।** ਇਸ ਐਲਾਨ ਦੇ ਹੋਣ ਤੇ ਸਾਰੇ ਮੈਂਬਰ ਸਾਹਿਬਾਨ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੀਆਂ ਥਾਵਾਂ ਤੇ ਖੜ੍ਹੇ ਹੋ ਜਾਣ ਅਤੇ ਉਸ ਤੋਂ ਬਾਅਦ ਰਾਸ਼ਟਰੀ ਗੀਤ ਦੀ ਧੁੰਨ ਵਜਾਈ ਜਾਵੇਗੀ ਅਤੇ ਜਦੋਂ ਤੱਕ ਮਾਨਯੋਗ ਰਾਜਪਾਲ ਆਪਣੀ ਥਾਂ ਤੇ ਨਾ ਬੈਠ ਜਾਣ, ਖੜ੍ਹੇ ਰਹਿਣ।

3. ਮਾਨਯੋਗ ਰਾਜਪਾਲ ਦੀ ਰਵਾਨਗੀ ਸਮੇਂ ਦੁਬਾਰਾ ਜਲੂਸ ਬਣਾਇਆ ਜਾਵੇਗਾ, ਜੋ ਮੈਂਬਰ ਸਾਹਿਬਾਨ ਦੇ ਪਰਵੇਸ਼ ਦੁਆਰ ਰਾਹੀਂ ਹਾਲ ਤੋਂ ਬਾਹਰ ਚਲਾ ਜਾਵੇਗਾ।

4. ਸਾਰੇ ਮੈਂਬਰ ਸਾਹਿਬਾਨ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਰਾਜਪਾਲ ਦੇ ਹਾਲ ਤੋਂ ਬਾਹਰ ਜਾਣ ਸਮੇਂ ਆਪਣੀਆਂ ਥਾਂਵਾਂ ਤੇ ਦੁਬਾਰਾ ਖੜ੍ਹੇ ਹੋ ਜਾਣ ਅਤੇ ਰਾਜਪਾਲ ਦੇ ਹਾਲ ਤੋਂ ਬਾਹਰ ਜਾਣ ਤੱਕ ਆਪਣੀਆਂ ਥਾਂਵਾਂ ਤੇ ਖੜ੍ਹੇ ਰਹਿਣ।

ਵਿਸ਼ਵਾਸਪਾਤਰ,

(ਸੁਰਿੰਦਰ ਪਾਲ)
ਸਕੱਤਰ।

Ritu Sehgal
Under Secretary
Punjab Vidhan Sabha
Chandigarh